# ਨਮੂਨਾ ਪ੍ਰਸ਼ਨ-ਪੱਤਰ ਜੁਲਾਈ ਟੈਸਟ (2020)

**ਜਮਾਤ ਦਸਵੀਂ** **ਪੇਪਰ ਪੰਜਾਬੀ (ੲ)** **ਕੁੱਲ ਅੰਕ 20**

**(ਭਾਗ-ੳ)**

**1.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਓ (ਸਾਰੇ ਪ੍ਰਸ਼ਨ ਜ਼ਰੂਰੀ ਹਨ) **(8X1= 8)**

**1.** 'ਸੋ ਕਿਉਂ ਮੰਦਾ ਆਖੀਐ' ਸ਼ਬਦ ਵਿੱਚ ਕਿਸਦੀ ਮਹਾਨਤਾ ਦੱਸੀ ਗਈ ਹੈ **?**

(ੳ) ਮਨੁੱਖ ਦੀ (ਅ) ਇਸਤਰੀ ਦੀ (ੲ) ਪਰਮਾਤਮਾ ਦੀ (ਸ) ਜਵਾਨੀ ਦੀ

**2.** ਸ੍ਰੀ ਗੁਰੂ ਅਮਰਦਾਸ ਜੀ ਦੀ ਕਵਿਤਾ ਦਾ ਨਾਂ ਦੱਸੋ ।

(ੳ) ਗਗਨ ਮੈ ਥਾਲੁ (ਅ) ਅਕਿਰਤਘਣ (ੲ) ਸਤਿਗੁਰੂ ਨਾਨਕ ਪ੍ਰਗਟਿਆ (ਸ) ਅਨੰਦ ਭਇਆ ਮੇਰੀ ਮਾਏ

**3.** ਰਬਾਬੀ ਦਾ ਨਾਂ ਕੀ ਸੀ **?**

(ੳ) ਫਰਹਿੰਦਾ (ਅ) ਮਰਦਾਨਾ (ੲ) ਜੈਰਾਮ (ਸ) ਮਲਕ ਭਾਗੋ

**4.** 'ਘਰ ਦਾ ਪਿਆਰ' ਲੇਖ ਦਾ ਲੇਖਕ ਕੌਣ ਹੈ **?**

(ੳ) ਪ੍ਰਿੰ.ਤੇਜਾ ਸਿੰਘ (ਅ) ਨਾਨਕ ਸਿੰਘ (ੲ) ਗਿਆਨੀ ਦਿੱਤ ਸਿੰਘ (ਸ) ਬਲਰਾਜ ਸਾਹਨੀ

**5.** ਕੁਲਫ਼ੀ ਕਹਾਣੀ ਦੀ ਘਟਨਾ ਕਿਹੜੇ ਮਹੀਨੇ ਵਿੱਚ ਵਾਪਰਦੀ ਹੈ **?**

(ੳ) ਜਨਵਰੀ (ਅ) ਮਾਰਚ (ੲ) ਜੂਨ (ਸ) ਜੁਲਾਈ

**6.** ਬਲਵੰਤ ਰਾਏ ਨੂੰ ਇੰਗਲੈਂਡ ਵਿੱਚ ਰਹਿੰਦਿਆਂ ਕਿੰਨੇ ਸਾਲ ਹੋ ਗਏ ਸਨ **?**

(ੳ) **20** ਸਾਲ (ਅ) **25** ਸਾਲ (ੲ) **30** ਸਾਲ (ਸ) **35** ਸਾਲ

**7.** ਵੀਰਾਂਵਾਲੀ ਵਜ਼ੀਰੇ ਦੀ ਕੀ ਲੱਗਦੀ ਸੀ **?**

(ੳ) ਭੈਣ (ਅ) ਮਾਮੀ (ੲ) ਚਾਚੀ (ਸ) ਮਾਂ

**8.** ਬੰਤੇ ਦੇ ਪੁੱਤਰ ਦਾ ਕੀ ਨਾਂ ਸੀ **?**

(ੳ) ਸੁਦਰਸ਼ਨ (ਅ) ਸ਼ਰਨ ਸਿੰਘ (ੲ) ਫੁੰਮਣ (ਸ) ਵਜ਼ੀਰਾ

**(ਭਾਗ-ਅ)**

**2.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ (ਕੋਈ ਚਾਰ ਪ੍ਰਸ਼ਨ ਕਰੋ) **(4X2= 8)**

**1.** ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਝ ਕਹਿੰਦੇ ਸਨ **?**

**2.** ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ ਤਾਂ ਲੋਕਾਂ ਨੇ ਉਸ ਨਾਲ ਕੀ ਵਿਹਾਰ ਕੀਤਾ **?**

**3.** ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ ਕਿਉਂ ਕਰਦਾ ਹੈ **?**

**4.** ਮਾਸੀ ਵਲੋਂ ਅਜਿਹੀ ਕਿਹੜੀ ਗੱਲ ਕਹੀ ਗਈ ਸੀ**,** ਜਿਸ ਨੇ ਲੇਖਕ ਨੂੰ ਕੀਲ ਲਿਆ ਸੀ **?**

**5.** 'ਸੋ ਕਿਉਂ ਮੰਦਾ ਆਖੀਐ' ਦਾ ਕੇਂਦਰੀ ਭਾਵ ਲਿਖੋ **?**

**6.** 'ਸਤਿਗੁਰ ਨਾਨਕ ਪ੍ਰਗਟਿਆ' ਦਾ ਕੇਂਦਰੀ ਭਾਵ ਲਿਖੋ **?**

**(ਭਾਗ-ੲ)**

**3.** ਹੇਠ ਲਿਖਿਆ ਵਿੱਚੋਂ ਕੋਈ ਇੱਕ ਕਰੋ: **(1X4= 4)**

ਹੇਠ ਲਿਖੇ ਵਾਰਤਾਲਾਪ ਨੂੰ ਧਿਆਨ ਨਾਲ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

"ਜੀ ਤੋੜੇ ਵਾਲੀ ਬੰਦੂਕ ਤਾਂ ਘਰ-ਘਰ ਐ। ਸਫ਼ਾ ਜੰਗ,ਗੁਪਤੀ**,** ਭਾਲਾ,ਨੇਜ਼ਾ**,** ਛਵ੍ਹੀ**,** ਕਿਹੜਾ ਹਥਿਆਰ ਐ ਜਿਹੜਾ ਨਹੀਂ ਘੜ ਲੈਂਦੇ।ਤੁਸੀਂ ਵਜ਼ੀਰੇ ਦਾ ਨਾਂ ਤਾਂ ਸੁਣਿਆ ਈ ਐ।ਇੱਥੇ ਮਿੱਤੂ ਲੁਹਾਰ ਦੇ ਮੁਹੱਲੇ ਵਿੱਚ ਕਿਤੇ ਰਹਿੰਦਾ ਐ।ਉਹ ਬੰਬ ਵੀ ਬਣਾਉਂਦੈ।"

(ੳ) ਇਹ ਵਾਰਤਾਲਾਪ ਕਿਸ ਇਕਾਂਗੀ ਵਿਚੋਂ ਲਿਆ ਗਿਆ ਹੈ **?**

(ਅ) ਇਸ ਇਕਾਂਗੀ ਦੇ ਲੇਖਕ ਦਾ ਨਾਂ ਲਿਖੋ ।

(ੲ) ਵਜ਼ੀਰਾ ਕਿਹੜੇ ਮੁਹੱਲੇ ਵਿੱਚ ਰਹਿੰਦਾ ਹੈ **?**

(ਸ) ਇਨ੍ਹਾਂ ਵਾਕਾਂ ਵਿੱਚ ਕਿਹੜੇ ਹਥਿਆਰ ਦਾ ਜ਼ਿਕਰ ਹੈ**?**

ਜਾਂ

'ਬੰਤੇ 'ਦਾ ਪਾਤਰ-ਚਿਤਰਨ ਕਰੋ।